# ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਗੁਰਦਾਸਪੁਰ।

ਈਮੇਲ:eepdgdspwdpb@gmail.com

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ,
ਗੁਰਦਾਸਪੁਰ।

ਨੰਬਰ 1290 / ਮਿਤੀ 27-5-25

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਆਫ ਸੇਂਟ ਕਬੀਰ ਪਬਲਿਕ ਸਕੂਲ, ਲੰਗਰਕੋਟ (ਸੁਲਤਾਨਪੁਰ) ਗੁਰਦਾਸਪੁਰ (ਸਾਲ 2025-26) ਜਾਰੀ ਕਰਨ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰ: ਜੀ-3/2025/ 11077 ਮਿਤੀ: 13.05.2025

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ:1, ਗੁਰਦਾਸਪੁਰ ਵਲੋਂ ਪੱਤਰ ਨੰ: 185 ਮਿਤੀ: 26.05.2025 ਰਾਹੀਂ ਰਿਪੋਰਟ ਕੀਤੀ ਹੈ ਕਿ ਸੇਂਟ ਕਬੀਰ ਪਬਲਿਕ ਸਕੂਲ, ਲੰਗਰਕੋਟ (ਸੁਲਤਾਨਪੁਰ) ਗੁਰਦਾਸਪੁਰ ਦੀ ਇਮਾਰਤ ਦਾ ਨਿਰੀਖਣ ਕੀਤਾ ਗਿਆ ਹੈ ਅਤੇ ਇਹ ਇਮਾਰਤ 31.03.2026 ਤੱਕ ਆਮ ਇਸਤੇਮਾਲ ਲਈ ਸੁਰੱਖਿਅਤ ਪਾਈ ਗਈ ਹੈ।ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ਼, ਗੁਰਦਾਸਪੁਰ ਵਲੋਂ ਪੱਤਰ ਨੰ: 806-103819-Fire/79018 ਮਿਤੀ: 30.11.2024 ਰਾਂਹੀ ਇੱਕ ਸਾਲ ਲਈ ਅੱਗ ਬੁਝਾਊ ਯੰਤਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ।

ਨੋਟ:- 1) ਕੁਦਰਤੀ ਆਫਤ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲੱਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀਂ ਕਰਣਗੇ ਅਤੇ ਤੁਰੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰ੍ਹਾਂ ਨਾਂ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਵਾਰ ਹੋਣਗੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।

ਪਿੱਠ ਅੰਕਣ ਨੰ:__________ / ਮਿਤੀ __________

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, ਸੇਂਟ ਕਬੀਰ ਪਬਲਿਕ ਸਕੂਲ, ਲੰਗਰਕੋਟ (ਸੁਲਤਾਨਪੁਰ) ਗੁਰਦਾਸਪੁਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਅਤੇ ਲਿਖਿਆ ਜਾਂਦਾ ਹੈ ਕਿ ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਦੀ ਸਮੇਂ ਦੀ ਮਿਆਦ ਖਤਮ ਹੋਣ ਉਪਰੰਤ ਸਰਟੀਫਿਕੇਟ ਨੂੰ ਰੀਨਿਊ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਵਿੱਚ ਜਮ੍ਹਾ ਕਰਵਾਈ ਜਾਵੇ।

ਨੱਥੀ/ਸਰਟੀਫਿਕੇਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।